# ਬੱਚਿਆਂ ਲਈ ਬਾਈਬਲ

ਉਪੱਸਥਿਤ



# ਇੱਕ ਸੁੰਦਰ ਬੇਵਕੂਫ਼ ਬਾਦਸ਼ਾਹ


ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest; Alastair Paterson

ਦੁਆਰਾ ਬਦਲਿਆ ਗਿਆ : Lyn Doerksen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children

www.M1914.org

BFC
PO Box 3
Winnipeg, MB R3C 2G1
Canada



©2022 Bible for Children, Inc.

ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।




ਸੈਮੂਏਲ ਇਸਰਾਏਲ ਦਾ ਨਿਆਂਈ ਅਤੇ ਅਗੂਵਾ ਬਜ਼ੁਰਗ ਹੋ ਗਿਆ ਸੀ। ਉਸ ਨੇ ਆਪਣੇ ਪੁੱਤਰਾਂ ਨੂੰ ਇਸਰਾਏਲ ਦੇ ਉੱਤੇ ਨਿਆਂਈ ਬਣਾਇਆ ਸੀ, ਕੀ ਉਹ ਪਰਮੇਸ਼ਵਰ ਦੀ ਸੇਵਾ ਲਈ ਉਸਦੀ ਜ਼ਗਾ ਲੈ ਲੈਣ। ਪਰ ਸੈਮੂਏਲ ਦੇ ਪੁੱਤਰ ਬੁਰੇ ਸਨ। ਉਹ ਰੁਪਏ ਨੂੰ ਪਿਆਰ ਕਰਦੇ ਸੀ ਅਤੇ ਰੁਪਏ ਨੂੰ ਪ੍ਰਾਪਤ ਕਰਨ ਲਈ ਆਪਣੀ ਤਾਕਤ ਦਾ ਗਲਤ ਇਸਤੇਮਾਲ ਕਰਦੇ ਸੀ।



ਉਹਨਾਂ ਦੀ ਦੁਸ਼ਟਤਾ ਦੇ ਕਾਰਨ ਇਸਰਾਏਲੀ ਲੋਕ ਮੁਸ਼ਕਲ ਵਿੱਚ ਸਨ। ਅਦਾਲ਼ਤ ਵੀ ਬੇਈਮਾਨ ਸੀ। ਲੋਕਾਂ ਨੂੰ ਆਪਣੀ ਮਦਦ ਲਈ ਸੈਮੂਏਲ ਦੇ ਪੁੱਤਰਾਂ ਨੂੰ ਰੁਪਏ ਦੇਣੇ ਪੈਂਦੇ ਸਨ। ਕੁਝ ਤਾਂ ਕਰਨਾ ਪਵੇਗਾ। ਇੱਕ ਦਿਨ ਇਸਰਾਏਲ ਦੇ ਬਜ਼ੁਰਗ ਇਕੱਠੇ ਹੋਏ ਅਤੇ ਸੈਮੂਏਲ ਤੋਂ ਮਦਦ ਮੰਗੀ।



3

"ਸਾਨੂੰ ਇੱਕ ਬਾਦਸ਼ਾਹ ਦੇਹ ਕੇ ਉਹ ਸਾਡਾ ਨਿਆਂ ਕਰੇ," ਬਜ਼ੁਰਗ ਲੋਕਾਂ ਨੇ ਮੰਗ ਕੀਤੀ। ਉਹ ਨਹੀ ਚਾਹੁੰਦੇ ਸਨ ਕੀ ਸੈਮੂਏਲ ਦੇ ਦੁਸ਼ਟ ਪੁੱਤਰ ਉਹਨਾਂ ਦਾ ਨਿਆਂ ਕਰਨ। ਉਹ ਆਪਣੇ ਆਸ-ਪਾਸ ਦੀਆਂ ਜਾਤੀਆਂ ਦੇ ਵਾਗੂੰ ਇੱਕ ਬਾਦਸ਼ਾਹ ਚਾਹੁੰਦੇ ਸਨ।



4

ਸੈਮੂਏਲ ਗੁੱਸੇ ਵਿੱਚ ਸੀ। ਇਸਰਾਏਲ ਕੋਲ ਪਹਿਲਾਂ ਹੀ ਬਾਦਸ਼ਾਹ ਸੀ! ਅਨੰਤ ਜੀਵਿਤ, ਸਰਬਸ਼ਕਤੀਮਾਨ ਪਰਮੇਸ਼ਵਰ ਉਹਨਾਂ ਤੇ ਰਾਜ ਕਰਦਾ ਹੈ। ਬਹੁਤ ਸਮਾਂ ਪਹਿਲਾਂ ਉਸ ਨੇ ਉਹਨਾਂ ਨੂੰ ਮਿਸਰ ਦੀ ਗੁਲਾਮੀ ਤੋਂ ਆਜਾਦ ਕਰਵਾਇਆ, ਅਤੇ ਉਹਨਾਂ ਨੂੰ ਬਚਾਉਣ ਲਈ ਲਾਲ ਸਮੁੰਦਰ ਨੂੰ ਖੋਲ ਦਿੱਤਾ।

5



ਤਦ ਉਸ ਨੇ ਇਸਰਾਏਲੀਆਂ ਨੂੰ ਉਹਨਾਂ ਦੀ ਸੁੰਦਰ ਭੂਮੀ ਦੇ ਦਿੱਤੀ।

6

ਜਦ ਸੈਮੂਏਲ ਨੇ ਪ੍ਰਾਥਨਾਂ ਕੀਤੀ, ਪਰਮੇਸ਼ਵਰ ਨੇ ਉਸ ਨੂੰ ਕਿਹਾ, "ਉਹਨਾਂ ਨੇ ਤੈਨੂੰ ਨਹੀ ਠੁਕਰਾਇਆ, ਪਰ ਉਹਨਾਂ ਨੇ ਮੈਨੂੰ ਠੁਕਰਾਇਆ ਹੈ, ਕੀ ਮੈਂ ਉਹਨਾਂ ਉੱਪਰ ਰਾਜ ਨਾ ਕਰਾਂ। ਉਹਨਾਂ ਨੇ ਦੂਸਰੇ ਦੇਵਤਿਆਂ ਦੀ ਸੇਵਾ ਕੀਤੀ ਹੈ। ਉਹਨਾਂ ਦੀਆ ਗੱਲਾਂ ਤੇ ਧਿਆਨ ਦੇਹ ਅਤੇ ਉਹਨਾਂ ਲਈ ਇੱਕ ਬਾਦਸ਼ਾਹ ਬਣਾ।"



7



ਪਰਮੇਸ਼ਵਰ ਨੇ ਸੈਮੂਏਲ ਨੂੰ ਕਿਹਾ ਲੋਕਾਂ ਨੂੰ ਚੇਤਾਵਨੀ ਦੇ ਕੀ ਉਹਨਾਂ ਦਾ ਧਰਤੀ ਦਾ ਬਾਦਸ਼ਾਹ ਉਹਨਾਂ ਦੇ ਪੈਸੇ ਕਰ ਦੇ ਰੂਪ ਵਿੱਚ ਲਵੇਗਾ; ਉਹ ਤੁਹਾਡੇ ਦਾਖਾਂ ਦੇ ਬਾਗਾਂ ਅਤੇ ਚੰਗੇ ਖੇਤਾਂ ਨੂੰ ਲਵੇਗਾ; ਤੁਹਾਡੇ ਪੁੱਤਰਾਂ ਨੂੰ ਆਪਣੀ ਸੈਨਾਂ ਵਿੱਚ ਹੁਕਮ ਦੇਵੇਗਾ; ਅਤੇ ਤੁਹਾਡੀਆਂ ਧੀਆਂ ਨੂੰ ਆਪਣਾ ਕੰਮ ਕਰਨ ਲਈ ਹੁਕਮ ਦੇਵੇਗਾ।

8


ਸ਼ਾਹੀ ਦਾਖ਼ਲਤਾ
ਪਰ ਲੋਕ ਕਿਸੇ ਵੀ ਤੁਰਾਂ ਇੱਕ ਬਾਦਸ਼ਾਹ ਚਾਹੁੰਦੇ ਸਨ।
ਬਾਹਰ ਰੱਖਣਾ
9


ਪਰਮੇਸ਼ਵਰ ਨੇ ਸੈਮੂਏਲ ਦੀ ਅਗਵਾਈ ਇੱਕ ਜਵਾਨ ਮਨੁੱਖ ਲਈ ਕੀਤੀ ਜਿਹੜਾ ਬਹੁਤ ਸੁੰਦਰ, ਬਹੁਤ ਸ਼ਰਮੀਲਾ, ਅਤੇ ਬਹੁਤ ਹੀ ਲੰਬਾ – ਅਤੇ ਉਹ ਸਭ ਤੋਂ ਲੰਬਾ ਸੀ। ਉਸਦਾ ਨਾ ਸ਼ਾਊਲ ਸੀ। ਜਦ ਸੈਮੂਏਲ ਨੇ ਸ਼ਾਊਲ ਨੂੰ ਵੇਖਿਆ, ਪਰਮੇਸ਼ਵਰ ਨੇ ਕਿਹਾ, “ਇੱਕ ਇਹ ਮੇਰੇ ਲੋਕਾਂ ਉੱਤੇ ਰਾਜ ਕਰੇਗਾ।”
10


ਆਗਿਆ ਨੂੰ ਮੰਨਦੇ ਹੋਏ, ਸੈਮੂਏਲ ਨੇ ਸ਼ਾਊਲ ਦਾ ਅਭਿਸ਼ੇਕ ਇਸਰਾਏਲ ਦਾ ਬਾਦਸ਼ਾਹ ਹੋਣ ਲਈ ਕੀਤਾ। ਜਦ ਉਸ ਨੇ ਇਸਰਾਈਲੀਆਂ ਨੂੰ ਦੱਸਿਆ ਕੀ ਸ਼ਾਊਲ ਤੁਹਾਡਾ ਬਾਦਸ਼ਾਹ ਹੈ, ਉਹ ਚੀਕੇ, “ਬਾਦਸ਼ਾਹ ਬਹੁਤ ਦਿਨਾਂ ਤੱਕ ਜਿੰਦਾ ਰਹੇ!”
11


ਜਲਦ ਹੀ ਬਾਦਸ਼ਾਹ ਸ਼ਾਊਲ ਪਰਖਿਆ ਗਿਆ। ਅਮੋਨੀ, ਜਿਹੜੇ ਇਸਰਾਈਲੀਆਂ ਤੋਂ ਨਫ਼ਰਤ ਕਰਦੇ ਸੀ, ਇਸਰਾਏਲ ਸ਼ਹਿਰ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਉਹਨਾਂ ਨੂੰ ਧਮਕੀ ਦਿੱਤੀ ਕੀ ਮੈਂ ਹਰੇਕ ਮਨੁੱਖ ਦੀ ਸੱਜੀ ਅੱਖ ਕੱਢ ਲਵਾਂਗਾ। ਕਿੰਨੀ ਬੁਰੀ ਯੋਜਨਾ ਸੀ! ਇਸ ਧਮਕੀ ਦੀ ਖ਼ਬਰ ਬਾਦਸ਼ਾਹ ਸ਼ਾਊਲ ਕੋਲ ਪਹੁੰਚੀ। ਉਸ ਨੇ ਆਪਣੀ ਸੈਨਾ ਤਿਆਰ ਕੀਤੀ।
12


ਜਦ ਦੋਨੋ ਸੈਨਾਂ ਮਿਲੀਆਂ, ਸ਼ਾਊਲ ਨੇ ਅਮੋਨੀਆਂ ਨੂੰ ਨਾਸ਼ ਕਰ ਦਿੱਤਾ ਅਤੇ ਸ਼ਹਿਰ ਨੂੰ ਬਚਾ ਲਿਆ। ਬਾਦਸ਼ਾਹ ਸ਼ਾਊਲ ਨੇ ਪਰਮੇਸ਼ਵਰ ਨੂੰ ਇਹ ਕਹਿ ਕੇ ਮਹਿਮਾ ਦਿੱਤੀ, “... ਅੱਜ ਪ੍ਰਭੂ ਨੇ ਇਸਰਾਏਲ ਵਿੱਚ ਉਧਾਰ ਲਿਆਂਦਾ ਹੈ!”
13


ਉਸ ਦਿਨ ਪਰਮੇਸ਼ਵਰ ਨੇ ਸ਼ਾਊਲ ਨੂੰ ਬਹੁਤ ਵੱਡੀ ਜਿੱਤ ਦਿੱਤੀ। ਪਰ ਸ਼ਾਊਲ ਨੇ ਹਮੇਸ਼ਾਂ ਪਰਮੇਸ਼ਵਰ ਨੂੰ ਸਨਮਾਨ ਨਾ ਦਿੱਤਾ। ਇੱਕ ਦਿਨ, ਫ਼ਲਿਸਤੀਆਂ ਨਾਲ ਲੜਣ ਤੋਂ ਪਹਿਲਾਂ ਸ਼ਾਊਲ ਨੇ ਪਰਮੇਸ਼ਵਰ ਨੂੰ ਬਲਿਦਾਨ ਚੜਾਇਆ। ਉਹ ਜਾਣਦਾ ਸੀ ਕੀ ਇਹ ਸੈਮੂਏਲ ਦਾ ਕੰਮ ਹੈ। ਉਹ ਜਾਣ ਗਿਆ ਪਰਮੇਸ਼ਵਰ ਚਾਹੁੰਦਾ ਸੀ ਕੀ ਉਹ ਸੈਮੂਏਲ ਦੇ ਆਉਣ ਤੱਕ ਇੰਤਜ਼ਾਰ ਕਰੇ। ਪਰ ਸ਼ਾਊਲ ਨੇ ਪਰਮੇਸ਼ਵਰ ਦੀ ਆਗਿਆ ਨਾ ਮੰਨੀ!
14













ਇੱਕ ਸੁੰਦਰ ਬੇਵਕੂਫ਼ ਬਾਦਸ਼ਾਹ

ਇਹ ਕਹਾਣੀ ਪਰਮੇਸ਼ੑਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਸੈਮੂਏਲ 8-16

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

19



ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰ਼ੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16